ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਨੰ:ਪਸਸਬ-ਬਸ-2020/88441
ਮਿਤੀ: 29/02/2020

ਵੱਲ

ਸਮੂਹ ਕੇਂਦਰ ਸੁਪਰਡੈਂਟ
ਅਠਵੀਂ, ਦਸਵੀਂ/ਬਾਰ੍ਹਵੀਂ ਸਾਲਾਨਾ ਪਰੀਖਿਆਵਾਂ ਮਾਰਚ 2020

ਵਿਸ਼ਾ: **ਅੱਠਵੀਂ, ਦਸਵੀਂ/ਬਾਰਵੀਂ ਸ਼੍ਰੇਣੀ ਮਾਰਚ-2020 ਦੀ ਪਰੀਖਿਆ ਵਿੱਚ ਲਿਖਾਰੀ ਸਬੰਧੀ ਹਦਾਇਤਾਂ।**

1. ਵਿਸ਼ਾ ਅਧੀਨ ਪਰੀਖਿਆ ਵਿੱਚ ਕੇਂਦਰ ਸੁਪਰਡੈਂਟ ਲਈ ਜਾਰੀ ਪੱਤਰ ਨੰ: 80926 ਮਿਤੀ 24-2-2020 ਦੀ ਲਗਾਤਾਰਤਾ ਵਿੱਚ ਸਮੂਹ ਕੇਂਦਰ ਸੁਪਰਡੈਂਟ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਿਵਿਆਂਗ ਪਰੀਖਿਆਰਥੀਆਂ ਵੱਲੋਂ ਚੁਣੇ ਗਏ ਲਿਖਾਰੀ ਨੂੰ ਹੀ ਪ੍ਰਵਾਨਗੀ ਦਿੱਤੀ ਜਾਵੇ।

2. ਲਿਖਾਰੀ ਦੀ ਵਿਦਿਅਕ ਯੋਗਤਾ , ਪ੍ਰਾਪਤ ਅੰਕ, ਉਮਰ ਜਾਂ ਕੋਈ ਹੋਰ ਰੋਕ ਲਾਗੂ ਨਹੀਂ ਹੋਵੇਗੀ।

3. ਵਿਲੱਖਣ ਸਮਰੱਥਾ ਰੱਖਣ ਵਾਲੇ ਦਿਵਿਆਂਗ ਪਰੀਖਿਆਰਥੀਆਂ ਨੂੰ ਹਰ ਇੱਕ ਘੰਟੇ ਪਿੱਛੇ 20 ਮਿੰਟ ਦਾ ਕੰਪਨਸੇਟਰੀ ਟਾਈਮ ਦਿੱਤਾ ਜਾਣਾ ਹੈ।

4. 40% ਜਾਂ ਇਸ ਤੋਂ ਵੱਧ Disability ਸਰਟੀਫਿਕੇਟ ਸਮਰੱਥ ਅਥਾਰਟੀ ਤੋਂ ਜਾਰੀ ਹੋਣਾ ਜਰੂਰੀ ਹੈ।

5. ਪਰੀਖਿਆਰਥੀ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਪਰੀਖਿਆ ਲਈ ਗਰਾਊਂਡ ਫਲੋਰ ਤੇ ਪ੍ਰਬੰਧ ਕੀਤਾ ਜਾਵੇ।

ਪੰਜਾਬ ਸਰਕਾਰ ਦੇ ਪੱਤਰ ਨੰ:3/73/2017 -3 ਡਸ(ਪ.ਫ)/5 ਮਿਤੀ 03-1-2020 ਅਤੇ ਕੇਂਦਰ ਸਰਕਾਰ ਦਾ ਪੱਤਰ ਨੰ:16-110/2003-DD.III ਮਿਤੀ 26-02-2013 ਬੋਰਡ ਦੀ ਵੈਬਸਾਈਟ www.pseb.ac.in. ਤੇ ਲੋੜ ਪੈਣ ਤੇ ਵਾਚ ਲਿਆ ਜਾਵੇ।

29/02/2020
ਉਪ ਸਕੱਤਰ (ਕੰਡਕਟ)

ਨੋਟ: **ਇਸ ਸਾਲ ਪਰੀਖਿਆਰਥੀਆਂ ਦੇ ਹਸਤਾਖਰ ਚਾਰਟ ਹਰ ਰੋਜ ਨਹੀਂ ਭੇਜੇ ਜਾਣੇ। ਹਸਤਾਖਰ ਚਾਰਟ ਪਰੀਖਿਆ ਸਮਾਪਤੀ ਤੇ ਇੱਕੋ ਸਮੇਂ ਲਾਸਟ ਪੈਕਟ ਨਾਲ ਅਲੱਗ ਲਿਫਾਫੇ ਵਿੱਚ ਪਾ ਕੇ ਭੇਜੇ ਜਾਣ। ਸੁਪਰਡੈਂਟ ਲਈ ਜਾਰੀ ਪੱਤਰ ਨੰ: 80926 ਮਿਤੀ: 24-2-2020 ਦੇ ਲੜੀ ਨੰ: 17 ਤੇ ਦਰਜ ਹਦਾਇਤ ਵਾਪਿਸ ਲਈ ਜਾਂਦੀ ਹੈ।**

Scanned with CamScanner